Punjabi - Number 08f
STI Series - March 2019

# ਸਰਵੀਸਾਈਟਿਸ
# Cervicitis

## ਸਰਵੀਸਾਈਟਿਸ ਕੀ ਹੈ?

ਸਰਵੀਸਾਈਟਿਸ ਸਰਵਿਕਸ (ਬੱਚੇਦਾਨੀ ਦਾ ਨਿਚਲਾ ਤੰਗ ਹਿੱਸਾ ਜੋ ਕਿ ਯੋਨੀ ਵਿੱਚ ਖੁੱਲਦਾ ਹੈ) ਦੀ ਸੋਜਸ਼ ਹੈ।ਸਰਵੀਸਾਈਟਿਸ ਆਮ ਹੈ ਅਤੇ ਅਨੇਕ ਔਰਤਾਂ ਨੂੰ ਉਨ੍ਹਾਂ ਦੇ ਬਾਲਗ ਜੀਵਨਾਂ ਦੌਰਾਨ ਕਿਸੇ ਨਾ ਕਿਸੇ ਸਮੇਂ ਤੇ ਪ੍ਰਭਾਵਿਤ ਕਰਦਾ ਹੈ।

## ਬੱਚੇਦਾਨੀ ਦੇ ਮੂੰਹ ਦੀ ਸੋਜਸ਼ (ਸਰਵੀਸਾਈਟਿਸ) ਕਿਸ ਕਰਕੇ ਹੁੰਦੀ ਹੈ?

ਸਰਵੀਸਾਈਟਿਸ ਅਕਸਰ ਸੰਭੋਗ ਦੁਆਰਾ ਸੰਚਾਰਿਤ ਵਿਗਾੜਾਂ ((ਐਸਟੀਆਈ(ਾਂ)) ਜਿਵੇਂ ਕਿ ਸੁਜਾਕ (gonorrhea), ਕਲੇਮੇਡੀਆ (Chlamydia), ਟ੍ਰਿਕੋਮਨਾਇਸਿਸ (trichomoniasis) ਜਾਂ ਹਰਪੀਜ਼ ਸਿੰਪਲੈਕਸ (ਇੱਕ ਵਾਇਰਸ) ਕਰਕੇ ਹੁੰਦਾ ਹੈ।ਇਹ ਅਜਿਹੇ ਦੂਸਰੇ ਜੀਵਾਣੂਆਂ ਕਰਕੇ ਵੀ ਹੋ ਸਕਦਾ ਹੈ ਜਿਹੜੇ ਸੰਭੋਗ ਦੁਆਰਾ ਸੰਚਾਰਿਤ ਨਹੀਂ ਹੁੰਦੇ। ਲੇਟੈਕਸ, ਡੂਸ਼ਾਂ (douches), ਜਾਂ ਯੋਨੀ ਦੀਆਂ ਕ੍ਰੀਮਾਂ ਤੋਂ ਹੋਣ ਵਾਲੀਆਂ ਪ੍ਰਤੀਕਿਰਿਆਵਾਂ ਜਾਂ ਜਲਣ ਕਰਕੇ ਵੀ ਸਰਵੀਸਾਈਟਿਸ ਹੋ ਸਕਦਾ ਹੈ।

ਇਹ ਪਤਾ ਕਰਨ ਲਈ ਕਿ ਕੀ ਤੁਹਾਨੂੰ ਸਰਵੀਸਾਈਟਿਸ ਹੈ, ਤੁਹਾਨੂੰ ਇੱਕ ਸਿਹਤ ਸੰਭਾਲ ਪ੍ਰਦਾਤਾ ਦੁਆਰਾ ਜਾਂਚ ਕਰਵਾਉਣੀ ਚਾਹੀਦੀ ਹੈ ਅਤੇ ਲੈਬ ਜਾਂਚਾਂ ਕਰਵਾਉਣੀਆਂ ਚਾਹੀਦੀਆਂ ਹਨ।

## ਇਹ ਕਿਵੇਂ ਫੈਲਦਾ ਹੈ?

ਸਰਵੀਸਾਈਟਿਸ ਦਾ ਕਾਰਨ ਬਣਨ ਵਾਲੇ ਲਿੰਗੀ ਤੌਰ ਨਾਲ ਸੰਚਾਰਿਤ ਹੋਣ ਵਾਲੇ ਜੀਵਾਣੂ ਸੁਰੱਖਿਆ ਤੋਂ ਬਿਨਾਂ ਕੀਤੇ ਗਏ ਮੌਖਿਕ, ਯੋਨੀ ਵਿਚ ਜਾਂ ਗੁਦੇ ਵਿੱਚ ਕੀਤੇ ਗਏ ਸੰਭੋਗ ਰਾਹੀਂ ਫੈਲਦੇ ਹਨ।

## ਲੱਛਣ ਕੀ ਹਨ?

ਸਰਵੀਸਾਈਟਿਸ ਦੇ ਲੱਛਣਾਂ ਵਿੱਚ ਸ਼ਾਮਲ ਹੋ ਸਕਦੇ ਹਨ:

- ਯੋਨੀ ਤੋਂ ਆਉਣ ਵਾਲੇ ਦ੍ਰਵ ਦੀ ਮਾਤਰਾ ਅਤੇ/ਜਾਂ ਰੰਗ ਵਿੱਚ ਤਬਦੀਲੀ
- ਯੋਨੀ ਤੋਂ ਅਸਾਧਾਰਣ ਖ਼ੂਨ ਨਿਕਲਣਾ ਜਾਂ ਪੀਰੀਅਡਾਂ ਦੇ ਵਿਚਕਾਰ ਜਾਂ ਸੰਭੋਗ ਤੋਂ ਬਾਅਦ ਧੱਬੇ
- ਯੋਨੀ ਦੇ ਸੰਭੋਗ ਦੌਰਾਨ ਦਰਦ

ਸਰਵੀਸਾਈਟਿਸ ਨਾਲ ਪੀੜਤ ਹੋਣਾ ਅਤੇ ਕੋਈ ਵੀ ਲੱਛਣ ਨਾ ਹੋਣਾ ਵੀ ਸੰਭਵ ਹੈ।

## ਸੰਭਾਵੀ ਜਟਿਲਤਾਵਾਂ ਕੀ ਹਨ?

ਜੇ ਸਰਵੀਸਾਈਟਿਸ ਦਾ ਕਾਰਨ ਬਣਨ ਵਾਲੀ ਲਾਗ ਦਾ ਇਲਾਜ ਨਹੀਂ ਕੀਤਾ ਜਾਂਦਾ ਹੈ, ਤਾਂ ਇਹ ਗਰੱਭਾਸ਼ਯ ਅਤੇ ਫੈਲੋਪੀਅਨ ਟਿਊਬਾਂ ਤੱਕ ਫੈਲ ਸਕਦੀ ਹੈ।ਇਹ ਲਾਗਾਂ ਗਰਭਵਤੀ ਹੋਣ ਵਿਚ ਮੁਸ਼ਕਲ, ਟਿਊਬਲ ਗਰਭਧਾਰਣ ਜਾਂ ਪੇਡੂ ਦੀ ਨਿਰੰਤਰ ਚਲਣ ਵਾਲੀ ਦਰਦ ਕਰ ਸਕਦੀਆਂ ਹਨ।

## ਇਲਾਜ ਕੀ ਹੈ?

ਬੈਕਟੀਰੀਆ ਕਰਕੇ ਹੋਣ ਵਾਲੇ ਸਰਵੀਸਾਈਟਿਸ ਦਾ ਇਲਾਜ ਐਂਟੀਬਾਇਓਟਿਕ ਗੋਲੀਆਂ ਨਾਲ ਕੀਤਾ ਜਾ ਸਕਦਾ ਹੈ।ਇਲਾਜ ਵਾਸਤੇ ਦਿੱਤੀਆਂ ਗਈਆਂ ਹਿਦਾਇਤਾਂ ਦੀ ਸਾਵਧਾਨੀ ਨਾਲ ਪਾਲਣਾ ਕਰਨਾ ਮਹੱਤਵਪੂਰਨ ਹੈ।ਜੇ ਤੁਹਾਨੂੰ ਗੋਲੀਆਂ ਦਿੱਤੀਆਂ ਗਈਆਂ ਸਨ, ਸਾਰੀਆਂ ਗੋਲੀਆਂ ਖਤਮ ਕਰੋ। ਜੇ ਵਿਗਾੜ ਲਿੰਗੀ ਤਰੀਕੇ ਨਾਲ ਸੰਚਾਰਿਤ ਹੁੰਦਾ ਹੈ, ਲਿੰਗੀ ਸਾਥੀਆਂ ਦੀ ਜਾਂਚ ਅਤੇ ਇਲਾਜ ਕੀਤਾ ਜਾਣਾ ਚਾਹੀਦਾ ਹੈ।ਸਰੀਰ ਵਿੱਚੋਂ ਵਿਗਾੜ ਦੇ ਖਤਮ ਹੋਣ ਵਿੱਚ ਸਮਾਂ ਲਗਦਾ ਹੈ, ਇਸ ਕਰਕੇ ਇਹ ਮਹੱਤਵਪੂਰਨ ਹੈ ਕਿ ਤੁਸੀਂ ਅਤੇ ਤੁਹਾਡੇ ਪਾਰਟਨਰ(ਾਂ) ਦਾ ਐਂਟੀਬਾਇਓਟਿਕ ਇਲਾਜ ਸ਼ੁਰੂ ਕਰਨ ਦੇ ਘੱਟੋ ਘੱਟ 7 ਦਿਨ ਬਾਅਦ ਤੱਕ ਤੁਸੀਂ ਬਿਨਾਂ ਸੁਰੱਖਿਆ ਤੋਂ ਕੋਈ ਵੀ ਮੌਖਿਕ, ਯੋਨੀ ਜਾਂ ਗੁਦੇ ਵਿਚਲਾ ਸੰਭੋਗ ਨਾ ਕਰੋ।

ਜੇ ਤੁਸੀਂ ਜਾਂ ਤੁਹਾਡਾ (ਡੇ) ਸਾਥੀ ਗੋਲੀਆਂ ਮਿਸ ਕਰਦੇ ਹੋ ਜਾਂ ਤੁਹਾਡੇ ਸਾਰੀ ਦਵਾਈ ਖਤਮ ਕਰਨ ਤੋਂ ਪਹਿਲਾਂ ਸੁਰੱਖਿਆ ਤੋਂ ਬਿਨਾਂ ਸੰਭੋਗ ਕਰਦੇ ਹੋ, ਤਾਂ ਸੰਜੋਗ ਹੋ ਸਕਦਾ ਹੈ ਕਿ ਵਿਗਾੜ ਤੁਹਾਡੇ ਸਰੀਰ ਵਿੱਚ ਮੌਜੂਦ ਰਹੇਗਾ ਜਾਂ ਤੁਹਾਨੂੰ ਜਾਂ ਤੁਹਾਡੇ ਸਾਥੀ(ਆਂ) ਕੋਲ ਦੁਬਾਰਾ ਵਾਪਸ ਆ ਜਾਏਗਾ। ਜੇ ਅਜਿਹਾ ਹੁੰਦਾ ਹੈ, ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੋ ਇਹ ਫ਼ੈਸਲਾ ਕਰਨ ਵਿਚ ਤੁਹਾਡੀ ਮਦਦ ਕਰੇਗਾ ਕਿ ਤੁਹਾਨੂੰ ਹੋਰ ਇਲਾਜ ਦੀ ਜ਼ਰੂਰਤ ਹੈ ਜਾਂ ਨਹੀਂ। ਜੇ ਕਿਸੇ ਦੂਸਰੇ ਕਾਰਨ ਦੀ ਪਛਾਣ ਕੀਤੀ ਜਾਂਦੀ ਹੈ ਤਾਂ ਤੁਹਾਡੇ ਸਿਹਤ ਸੰਭਾਲ ਪ੍ਰਦਾਤਾ ਦੁਆਰਾ ਦੂਸਰੇ ਇਲਾਜਾਂ ਦੀ ਪੇਸ਼ਕਸ਼ ਕੀਤੀ ਜਾ ਸਕਦੀ ਹੈ।

## ਜੇ ਮੈਂ ਐਂਟੀਬਾਇਓਟਿਕ ਲੈ ਰਹੀ ਹਾਂ ਤਾਂ ਕੀ ਮੇਰਾ ਗਰਭ ਨਿਰੋਧਕ ਕੰਮ ਕਰੇਗਾ?

ਅਜਿਹਾ ਦਿਖਾਉਣ ਲਈ ਬਹੁਤ ਘੱਟ ਪ੍ਰਮਾਣ ਹਨ ਕਿ ਐਂਟੀਬਾਇਓਟਿਕ ਗਰਭ ਨਿਰੋਧਕਾਂ ਦੀਆਂ ਹਾਰਮੋਨਲ ਕਿਸਮਾਂ ਨੂੰ ਕੰਮ ਕਰਨ ਤੋਂ ਰੋਕਦੀਆਂ ਹਨ। ਗਰਭ ਨਿਰੋਧਕਾਂ ਦੀਆਂ ਹਾਰਮੋਨਲ ਕਿਸਮਾਂ ਵਿੱਚ ਸ਼ਾਮਲ ਹਨ ਗੋਲੀ, ਪੈਚ, ਰਿੰਗ ਜਾਂ ਸ਼ੋਟ (shot)।ਜੇ ਤੁਹਾਡਾ ਇਲਾਜ ਐਂਟੀਬਾਇਓਟਿਕਾਂ ਨਾਲ ਕੀਤਾ ਜਾ ਰਿਹਾ ਹੈ, ਆਪਣਾ ਗਰਭ ਨਿਰੋਧਕ ਉਸ ਤਰ੍ਹਾਂ ਹੀ ਵਰਤਣਾ ਜਾਰੀ ਰੱਖਣਾ ਮਹੱਤਵਪੂਰਨ ਹੈ ਜਿਵੇਂ ਤੁਸੀਂ ਆਮਤੌਰ ਤੇ ਕਰੋਗੇ। ਜੇ ਤੁਹਾਡੀਆਂ ਚਿੰਤਾਵਾਂ ਹਨ, ਐਂਟੀਬਾਇਓਟਿਕ ਖਤਮ ਕਰਨ ਤੋਂ ਬਾਅਦ ਆਪਣੇ ਅਗਲੇ ਪੀਰੀਅਡ ਤੱਕ ਕੋਂਡੰਮ ਵਰਤੋ ਜਾਂ ਹੋਰ ਜਾਣਕਾਰੀ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

